NSW STATEWIDE INFANT SCREENING – HEARING (SWISH) PROGRAM

# Why does my baby need a diagnostic assessment?



## ਮੇਰੇ ਬਾਲਕ ਦਾ ਡਾਇਗਨਾਸਟਿਕ ਅਸੈਸਮੈਂਟ ਕਰਵਾਉਣ ਦੀ ਕਿਉ ਲੋੜ ਹੈ?

ਜੇ ਤੁਹਾਡੇ ਬਾਲਕ ਦੀ ਸੁਣਨ-ਸ਼ਕਤੀ ਦੇ ਪਹਿਲੇ ਦੋ ਟੈਸਟਾਂ ਦੇ ਨਤੀਜੇ ਠੀਕ ਨਾ ਹੋਏ, ਤਾਂ ਉਸ ਦੇ ਡਾਇਗਨਾਸਟਿਕ ਅਸੈਸਮੈਂਟ ਕਰਵਾਉਣ ਦੀ ਲੋੜ ਪਵੇਗੀ । ਇਹ ਅਸੈਸਮੈਂਟ ਕਰਵਾਉਣ ਦੇ ਕਈ ਕਾਰਨ ਹੋ ਸਕਦੇ ਹਨ ।

ਹੋ ਸਕਦਾ ਹੈ ਕਿ:

- ਦੋਵਾਂ ਸਕਰੀਨਿੰਗ ਟੈਸਟਾਂ ਸਮੇ ਤੁਹਾਡਾ ਬਾਲਕ ਅਸ਼ਾਂਤ ਹੋਵੇ
- ਜਨਮ ਬਾਅਦ ਤੁਹਾਡੇ ਬਾਲਕ ਦੇ ਕੰਨਾਂ ਵਿਚ ਪਾਣੀ ਹੋਣ ਕਾਰਨ ਉਸ ਦੇ ਕੰਨ ਬਲੌਕ (ਬੰਦ) ਹੋਣ
- ਤੁਹਾਡੇ ਬਾਲਕ ਦੀ ਸੁਣਨ-ਸ਼ਕਤੀ ਕੁਝ ਕੰਮਜ਼ੋਰ ਹੋ ਸਕਦੀ ਹੈ ।

ਛੇਤੀ ਤੋਂ ਛੇਤੀ ਇਹ ਪਤਾ ਕਰਨ ਦੀ ਲੋੜ ਹੈ ਕਿ ਤੁਹਾਡੇ ਬਾਲਕ ਨੂੰ ਕਿਨ੍ਹੀ ਚੰਗੀ ਤਰ੍ਹਾ ਸੁਣਦਾ ਹੈ ਤਾਂ ਜੋ ਤੁਹਾਨੂੰ ਅਤੇ ਤੁਹਾਡੇ ਬਾਲਕ ਨੂੰ ਠੀਕ ਸਲਾਹ ਅਤੇ ਸਹਾਇਤਾ ਪ੍ਰਦਾਨ ਕੀਤੀ ਜਾ ਸੱਕੇ ।

## ਅਸੈਸਮੈਂਟ ਸਮੇ ਕੀ ਹੁੰਦਾ ਹੈ?

ਡਾਇਗਨਾਸਟਿਕ ਅਸੈਸਮੈਂਟ ਦਾ ਮਕਸਦ ਹੁੰਦਾ ਹੈ ਤੁਹਾਡੇ ਬਾਲਕ ਬਾਰੇ ਪੂਰਾ ਪਤਾ ਕਰਨਾ ਕਿ ਉਸ ਨੂੰ ਕਿੰਨੀ ਚੰਗੀ ਤਰ੍ਹਾ ਸੁਣਦਾ ਹੈ ।
ਇਸ ਦਾ ਪਤਾ ਕਰਨ ਲਈ ਕਈ ਟੈਸਟ ਕੀਤੀ ਜਾਣਗੇ ।
ਇਨ੍ਹਾ ਤੋਂ ਸਪੱਸ਼ਟ ਹੋ ਜਾਵੇਗਾ ਕਿ ਤੁਹਾਡੇ ਬਾਲਕ ਦੀ ਸੁਣਨ-ਸ਼ਕਤੀ ਕਿਹੋ ਜਿਹੀ ਹੈ ।
ਇਕ ਔਡਿਔਲਿਜਿਸਟ ਜੋ ਸੁਣਨ-ਸ਼ਕਤੀ ਦੇ ਟੈਸਟ ਕਰਨ ਦਾ ਮਾਹਿਰ ਹੁੰਦਾ ਹੈ ਤੁਹਾਡੇ ਬਾਲਕ ਦੇ ਟੈਸਟ ਕਰੇਗਾ । ਇਨ੍ਹਾ ਸਾਰਿਆਂ ਟੈਸਟਾਂ ਸਮੇ ਤੁਹਾਡੇ ਬਾਲਕ ਨੂੰ ਕੋਈ ਤਕਲੀਫ ਨਹੀਂ ਹੋਵੇਗੀ ।

## ਇਸ ਅਸੈਸਮੈਂਟ ਲਈ ਮੈਂਨੂੰ ਆਪਣੇ ਬਾਲਕ ਦੀ ਤਿਆਰੀ ਕਿਵੇਂ ਕਰਨੀ ਚਾਹੀਦੀ ਹੈ?

ਤੁਹਾਡੇ ਬਾਲਕ ਦਾ ਇਨ੍ਹਾ ਟੈਸਟਾਂ ਸਮੇ ਸੁਤੇ ਰਹਿਣਾ ਹੀ ਬਿਹਤਰ ਹੈ । ਅਸੈਸਮੈਂਟ ਵਾਲੇ ਦਿਨ, ਜੇ ਤੁਸੀਂ ਆਪਣੇ ਬਾਲਕ ਨੂੰ ਖੁਰਾਕ ਪਛੜ ਕੇ ਹੀ ਦਿਓ ਜਾਣੀ ਔਡਿਔਲਿਜੀ ਡੀਪਾਰਟਮੈਂਟ ਜਾਣ ਬਾਅਦ, ਅਤੇ ਉਸ ਨੂੰ ਸੌਣ ਵੀ ਉਥੇ ਜਾਣ ਬਾਅਦ ਹੀ ਦਿਓ ਤਾਂ ਇਹ ਉਸ ਲਈ ਬਿਹਤਰ ਹੋਵੇਗਾ । ਨਿਯੁਕਤ ਕੀਤੇ ਸਮੇ ਤੋਂ ਪਹਿਲਾਂ ਹੀ ਪਹੁੰਚ ਜਾਓ ਤਾਂ ਜੋ ਆਪਣੇ ਬਾਲਕ ਨੂੰ ਖੁਰਾਕ ਦੇ ਕੇ ਸੁਲਾ ਸਕੋ ।

ਜੇ ਘਰ ਵਿਚ ਤੁਹਾਡੇ ਹੋਰ ਬੱਚੇ ਵੀ ਹਨ, ਤਾਂ ਉਨ੍ਹਾ ਦੀ ਦੇਖ ਭਾਲ ਦਾ ਕੋਈ ਹੋਰ ਇੰਤਜਾਮ ਕਰੋ ਤਾਂ ਜੋ ਤੁਸੀਂ ਆਪਣੇ ਬਾਲਕ ਨਾਲ ਇਸ ਸਮੇ ਰਹਿ ਸਕੋ ।

ਕਿਉਕਿ ਇਨ੍ਹਾ ਡਾਇਗਨਾਸਟਿਕ ਅਸੈਸਮੈਂਟਾਂ ਦੌਰਾਨ ਪਹਿਲੇ ਸਕਰੀਨ ਟੈਸਟਾਂ ਨਾਲੋਂ ਜ਼ਿਆਦਾ ਟੈਸਟ ਹੁੰਦੇ ਹਨ, ਤੁਹਾਨੂੰ ਇਨ੍ਹਾ ਲਈ ਪੂਰਾ ਅੱਧਾ ਦਿਨ ਲਗ ਸਕਦਾ ਹੈ ।

## ਇਹ ਡਾਇਗਨਾਸਟਿਕ ਟੈਸਟ ਕਿਵੇਂ ਕੀਤੇ ਜਾਂਦੇ ਹਨ?

ਇਸ ਡਾਇਗਨਾਸਟਿਕ ਟੈਸਟ ਨੂੰ ਔਡਿਟਰੀ ਬਰੇਨਸਟੈਮ ਰੀਸਪੌਨਸ (ABR) ਟੈਸਟ ਕਹਿੰਦੇ ਹਨ । ਸਕਰੀਨਿੰਗ ਸਮੇ ਵਰਤੇ ਜਾਣ ਵਾਲੇ ਸੈਨਸਰ ਤੁਹਾਡੇ ਬਾਲਕ ਦੇ ਸਿਰ ਉਪਰ ਰਖੇ ਜਾਣਗੇ । ਹਿਡਫੋਨਾਂ ਜਾਂ ਕੰਨਾਂ ਵਿਚ ਪਾਏ ਪਲੱਗਾਂ ਰਾਹੀਂ ਤੁਹਾਡੇ ਬਾਲਕ ਦੇ ਕੰਨਾਂ ਵਿਚ ਕੁਝ ਮਧਮ ਜਿਹੇ ਖੜਾਕ ਸੁਣਾਏ ਜਾਣਗੇ ।

ਇਨ੍ਹਾ ਖੜਾਕਾਂ ਦਾ ਤੁਹਾਡੇ ਬਾਲਕ ਤੇ ਹੋਣ ਵਾਲਾ ਪ੍ਰਭਾਵ ਇਲੈਕਟਰੌਨਿਕ ਢੰਗ ਨਾਲ ਰਕਾਡ ਕੀਤਾ ਜਾਵੇਗਾ ਅਤੇ ਇਸ ਤੋਂ ਤੁਹਾਡੇ ਬਾਲਕ ਦੀ ਸੁਣਨ-ਸ਼ਕਤੀ ਦਾ ਅੰਦਾਜ਼ਾ ਲਗਾਇਆ ਜਾ ਸਕੇਗਾ ।

November 2002 SHPN (PHCC) 030088
[Punjabi]

NSW HEALTH
Working as a Team

## ਇਸ ਟੈਸਟ ਤੋਂ ਬਾਅਦ ਕੀ ਹੋਵੇਗਾ?

ਆਮ ਤੌਰ ਤੇ ਉਸੇ ਦਿਨ ਹੀ ਔਡਿਔਲਜਿਸਟ ਤੁਹਾਨੂੰ ਟੈਸਟ ਦੇ ਨਤੀਜੇ ਦੇ ਸਕੇਗਾ ਅਤੇ ਇਨ੍ਹਾ ਬਾਰੇ ਦਸ ਸਕੇਗਾ । ਤੁਹਾਡੇ ਬਾਲਕ ਦੀ ਸੁਣਣ-ਸ਼ਕਤੀ ਵਿਚ ਕੋਈ ਨੁਕਸ ਹੋਣ ਤੇ ਤੁਹਾਨੂੰ ਕਿਸੇ ਸਪੈਸ਼ਲਿਸਟ ਸੇਵਾ ਲਈ ਰੀਫਰ ਕੀਤਾ ਜਾਵੇਗਾ । ਤੁਹਾਡੀ ਮੰਨਜ਼ੂਰੀ ਨਾਲ ਇਸ ਰੀਪੋਟ ਦੀ ਇਕ ਰੀਪੋਟ ਸਪੈਸ਼ਲਿਸਟ ਨੂੰ ਭੇਜੀ ਜਾਵੇਗੀ ਅਤੇ ਇਸ ਦੀਆਂ ਹੋਰ ਕਾਪੀਆਂ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਵੀ ਭੇਜੀਆਂ ਜਾਣਗੀਆਂ । ਔਡਿਔਲਜਿਸਟ ਅਤੇ ਏਰੀਆ ਹੈਲਥ ਸਰਵਿਸ ਕੋਔਡਿਨੇਟਰ ਤੁਹਾਨੂੰ ਅਤੇ ਤੁਹਾਡੇ ਬਾਲਕ ਨੂੰ ਲੋੜੀਦੀਆਂ ਸੇਵਾਵਾਂ ਅਤੇ ਹੋਰ ਮਦਦ ਪ੍ਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ ।

ਜੇ ਤੁਹਾਡੇ ਬਾਲਕ ਦੀ ਸੁਣਨ-ਸ਼ਕਤੀ ਬਿਲਕੁਲ ਠੀਕ ਹੋਵੇ, ਪਰ ਅਗਾਂਹ ਕਿਸੇ ਸਮੇ ਤੁਹਾਨੂੰ ਆਪਣੇ ਬਾਲਕ ਦੀ ਸੁਣਨ-ਸ਼ਕਤੀ, ਬੋਲਣ-ਸ਼ਕਤੀ ਜਾਂ ਭਾਸ਼ਾ ਦੀ ਉਨਤੀ ਬਾਰੇ ਕੋਈ ਚਿੰਤਾ ਹੋਵੇ, ਤਾਂ ਤੁਸੀਂ ਆਪਣੇ ਬਾਲਕ ਦੀ ਸੁਣਨ-ਸ਼ਕਤੀ ਦਾ ਟੈਸਟ ਫਿਰ ਦੁਬਾਰਾ ਕਰਵਾ ਸਕਦੇ ਹੋ ।

ਸੁਣਨ-ਸ਼ਕਤੀ ਦਾ ਟੈਸਟ ਕਿਸੇ ਸਮੇ ਵੀ ਕਰਵਾਇਆ ਜਾ ਸਕਦਾ ਹੈ ।

ਤੁਹਾਡੇ ਬਾਲਕ ਦੀ ਅਪੋਇੰਟਮੈਂਟ ਹੈ:

ਹੋਰ ਜਾਣਕਾਰੀ ਲਈ ਸੰਪਰਕ ਕਰੋ:

SWISH Information Line
Freecall 1800 551 175
NSW Department of Health
Tel. (02) 9391 9000
Fax. (02) 9391 9101
NSW HealthWeb site: www.health.nsw.gov.au

© NSW Health Department 2002

November 2002 SHPN (PHCC) 030088
[Punjabi]

NSW HEALTH
Working as a Team